# ਖ਼ੁਲਾਸਾ ਖ਼ੁਤਬਾ ਜੁਮੱਾ ਮਿਤੀ 14-03-14

**ਵੱਲੋਂ : ਨਸ਼ਰੋ ਇਸ਼ਾਤ (ਪ੍ਰਕਾਸ਼ਨ ਵਿਭਾਗ) ਸਦਰ ਅੰਜੁਮਨ ਅਹਮਦੀਆ ਕਾਦੀਆਂ**

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਕੁੱਝ ਜੁੱਮੇ ਪਹਿਲਾਂ ਤੱਕ ਅਮਲਾਂ ਦੇ ਸੁਧਾਰ ਦੇ ਤਰੀਕਿਆਂ ਬਾਰੇ ਮੈਂ ਕੁਝ ਖ਼ੁਤਬੇ ਦਿੱਤੇ ਸਨ ਜਿੰਨ੍ਹਾ ਵਿੱਚ ਇਹ ਵੀ ਵਰਨਣ ਹੋਇਆ ਸੀ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਸਾਡੇ ਸਾਹਮਣੇ ਰੱਬ ਨੂੰ ਕਿਵੇਂ ਪੇਸ਼ ਕੀਤਾ ਅਤੇ ਮਾਰਫ਼ਤ ਅਤੇ ਇਲਹੀ ਪ੍ਰੇਮ ਦੇ ਕੀ ਤਰੀਕੇ ਦੱਸੇ ਹਨ । ਰੱਬ ਦਾ ਨੇੜ ਪ੍ਰਾਪਤ ਕਰਨ ਲਈ ਆਪ ਜੀ ਨੇ ਕਿਵੇਂ ਰਹਿਨੁਮਾਈ ਕੀਤੀ ਹੈ । ਇਸੇ ਪ੍ਰਕਾਰ ਅਲੱਾਹ ਦਾ ਤਾਜ਼ਾ ਕਲਾਮ ਅਤੇ ਅਲੱਾਹ ਤਆਲਾ ਨੇ ਆਪ ਜੀ ਦੇ ਹੱਕ ਵਿੱਚ ਜੋ ਚਮਤਕਾਰ ਤੇ ਨਿਸ਼ਾਨ ਦਿਖਾਏ ਹਨ ਉਹ ਕਿੰਨ੍ਹੀ ਸ਼ਾਨ ਨਾਲ ਪੂਰੇ ਹੋਏ ? ਇਹ ਸਾਰੀਆਂ ਗੱਲਾਂ ਅਜਿਹੀਆਂ ਹਨ ਜਿੰਨ੍ਹਾ ਦੀ ਜਾਨਕਾਰੀ ਸਾਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕਲਾਮ ਦੇ ਚਾਨ੍ਹਣੇ ਵਿੱਚ ਪ੍ਰਾਪਤ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਤਾਂ ਜੋ ਇਹ ਗੱਲਾਂ ਸਾਡੇ ਈਮਾਨ ਅਤੇ ਸਾਡੇ ਅਮਲਾਂ ਵਿੱਚ ਤਰੱਕੀ ਦਾ ਸਬਬ ਬਣਨ ।

ਇਸ ਲਈ ਅੱਜ ਮੈਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਲਿੱਖਤਾਂ ਤੇ ਆਦੇਸ਼ਾਂ ਦੇ ਕੁਝ ਨਮੂਨੇ ਪੇਸ਼ ਕਰਾਂਗਾ, ਜਿਨ੍ਹਾਂ ਵਿੱਚ ਇਲਾਹੀ ਮਾਰਫ਼ਤ ਬਾਰੇ ਆਪ ਜੀ ਨੇ ਰਹਿਨੁਮਾਈ ਕੀਤੀ ਹੈ । ਕੇਵਲ ਇਸ ਬਾਰੇ ਹੀ ਆਪ ਜੀ ਦੀਆਂ ਲਿਖੱਤਾਂ ਪੇਸ਼ ਕੀਤੀ ਜਾਣ ਤਾਂ ਵੀਹਾਂ ਸਗੋਂ ਡੂੰਘਿਆਈ ਵਿੱਚ ਜਾਇਆ ਜਾਵੇ ਤਾਂ ਸੈਂਕੜੇ ਪੰਨੇ ਇਸ ਬਾਰੇ ਮਿਲ ਜਾਂਦੇ ਹਨ । ਫਿਰ ਵੀ ਜਿਵੇਂ ਕਿ ਮੈਂ ਕਿਹਾ, ਕੁਝ ਕਥਨ ਆਪ ਦੇ ਸਾਹਮਣੇ ਨਮੂਨੇ ਵੱਜੋਂ ਰੱਖਾਂਗਾ, ਜੋ ਇਸ ਬਾਰੇ ਸਾਡਾ ਮਾਰਗ ਦਰਸ਼ਨ ਕਰਦੇ ਹਨ ਕਿ ਇਲਾਹੀ ਮਾਰਫ਼ਤ ਕੀ ਹੈ ?

ਰੱਬ ਤੱਕ ਪਹੁੰਚਣ ਦੇ ਤਰੀਕੇ ਦਾ ਮਾਰਗ ਦਰਸ਼ਨ ਕਰਦੇ ਹੋਏ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਮਨੁੱਖ ਖ਼ੁਦਾ ਤਆਲਾ ਤੱਕ ਪਹੁੰਚਣ ਲਈ ਦੋ ਚੀਜਾਂ ਦਾ ਮੁਥਾਜ ਹੈ । ਪਹਿਲਾਂ ਬਦੀ ਤੋਂ ਗੁਰੇਜ਼ ਕਰਨਾ ਤੇ ਦੂਜਾ ਨੇਕ ਕਰਮਾ ਨੂੰ ਪ੍ਰਾਪਤ ਕਰਨਾ । ਕੇਵਲ ਬਦੀ ਨੂੰ ਛਡੱਣਾ ਕੋਈ ਹੁਨਰ ਨਹੀਂ ਹੈ । ਅਸਲ ਗੱਲ ਇਹ ਹੈ ਕਿ ਜੱਦ ਤੋਂ ਮਨੁੱਖ ਪੈਦਾ ਹੋਇਆ ਹੈ ਇਹ ਦੋਵੇਂ ਸ਼ਕਤੀਆਂ ਉਸ ਦੇ ਸੁਭਾਵ ਵਿੱਚ ਮੌਜੂਦ ਹਨ । ਇਕ ਪਾਸੇ ਤਾਂ ਨਫ਼ਸਾਨੀ ਜਜ਼ਬੇ ਉਸਨੂੰ ਗੁਨਾਹ ਵੱਲ ਪ੍ਰੇਰਦੇ ਹਨ ਅਤੇ ਦੂਜੇ ਪਾਸੇ ਇਲਾਹੀ ਪ੍ਰੇਮ ਦੀ ਭਾਵਨਾ ਜੋ ਉਸਦੇ ਸੁਭਾਵ ਵਿੱਚ ਹੈ ਉਹ ਉਸ ਗੁਨਾਹ ਦੇ ਪੱਤਰਿਆਂ ਨੂੰ ਇਸ ਪ੍ਰਕਾਰ ਸਾੜ ਦਿੰਦੀ ਹੈ ਜਿਵੇਂ ਜ਼ਾਹਿਰੀ ਅੱਗ ਜ਼ਾਹਿਰੀ ਪੱਤਰਿਆਂ ਨੂੰ ਸਾੜ ਦਿੰਦੀ ਹੈ । ਪਰ ਇਸ ਰੂਹਾਨੀ ਅੱਗ ਦਾ ਭਾਂਬੜ ਹੋਣਾ ਜੋ ਪਾਪਾਂ ਨੂੰ ਸਾੜਦਾ ਹੈ ਅਰਥਾਤ ਇਸ ਦਾ ਭੜਕਾਇਆ ਜਾਣਾ ਜੋ ਪਾਪਾਂ ਨੂੰ ਸਾੜਦਾ ਹੈ ਇਲਾਹੀ ਮਾਰਫ਼ਤ ਉਪੱਰ ਅਧਾਰਤ ਹੈ, ਇਲਾਹੀ ਮਾਰਫ਼ਤ ਹੋਵੇਗੀ ਤਾਂ ਹੀ ਇਹ ਸੜ੍ਹ ਸਕਦਾ ਹੈ, ਇਸੇ'ਤੇ ਹੀ ਇਹ ਨਿਰਭਰ ਹੈ ਕਿਉਂਕਿ ਹਰ ਇਕ ਚੀਜ਼ ਦਾ ਸਨੇਹ ਤੇ ਇਸ਼ਕ ਉਸਦੀ ਮਾਰਫ਼ਤ ਨਾਲ ਸੰਬੰਧਤ ਹੈ ।

ਜਿਸ ਚੀਜ਼ ਦੀ ਵੱਡਿਆਈ ਤੇ ਖ਼ੂਬੀ ਦਾ ਤੁਹਾਨੂੰ ਗਿਆਨ ਨਹੀਂ ਤੁਸੀਂ ਉਸ'ਤੇ ਆਸ਼ਕ ਨਹੀਂ ਹੋ ਸਕਦੇ । ਇਸ ਲਈ ਉਸ ਜਲਾਲ ਵਾਲੇ ਰੱਬ ਦੀਆਂ ਖ਼ੂਬੀਆਂ, ਵੱਡਿਆਈ ਅਤੇ ਸੁੰਦਰਤਾ ਦੀ ਮਾਰਫ਼ਤ ਉਸਦਾ ਸਨੇਹ ਪੈਦਾ ਕਰਦਾ ਹੈ ਅਤੇ ਪ੍ਰੇਮ ਦੀ ਅੱਗ ਨਾਲ ਪਾਪ ਸੜਦੇ ਹਨ, ਪਰ ਅਲੱਾਹ ਦੀ ਮਰਿਯਾਦਾ ਇਸੇ ਪ੍ਰਕਾਰ ਜਾਰੀ ਹੈ ਕਿ ਉਹ ਮਾਰਫ਼ਤ ਆਮ ਲੋਕਾਂ ਨੂੰ ਨਬੀਆਂ ਦੀ ਮਾਰਫ਼ਤ ਰਾਹੀਂ ਮਿਲਦੀ ਹੈ ਅਤੇ ਉਹਨਾ ਦੇ ਪ੍ਰਕਾਸ਼'ਚੋਂ ਉਹ ਚਾਨ੍ਹਣਾ ਪ੍ਰਾਪਤ ਕਰਦੇ ਹਨ ਜੋ ਕੁਝ ਉਹਨਾਂ ਨੂੰ ਦਿੱਤਾ ਗਿਆ, ਉਹ ਉਹਨਾਂ ਦੀ ਪੈਰ੍ਹਵੀ ਕਰਕੇ ਸਭ ਕੁਘ ਪਾ ਲੈਂਦੇ ਹਨ ।

ਫ਼ਿਰ ਅਲੱਾਹ ਤਆਲਾ ਦੀ ਮਾਰਫ਼ਤ ਪਾਪਾਂ ਤੋਂ ਮੁਕਤੀ, ਨੇਕੀਆਂ ਕਰਨ ਦੀ ਸ਼ਕਤੀ ਅਤੇ ਦੁਆਵਾਂ ਦੇ ਮਿਆਰ ਬਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ:

ਅਸਲ ਕਹੀਕਤ ਇਹ ਹੈ ਕਿ ਕੋਈ ਮਨੁੱਖ ਨ ਤਾਂ ਪੂਰਨ ਤੌਰ'ਤੇ ਪਾਪਾਂ ਤੋਂ ਮੁਕਤੀ ਪਾ ਸਕਦਾ ਹੈ ਅਤੇ ਨ ਹੀ ਪੂਰਨ ਸੱਚੇ ਤੌਰ'ਤੇ ਰੱਬ ਨਾਲ ਪ੍ਰੇਮ ਕਰ ਸਕਦਾ ਹੈ ਅਤੇ ਨ ਹੀ ਜਿਵੇਂ ਕਿ ਹੱਕ ਹੈ ਉਸਤੋਂ ਡਰ ਸਕਦਾ ਹੈ, ਜੱਦ ਤੱਕ ਕਿ ਉਸੇ ਦੀ ਮਿਹਰ ਤੇ ਕ੍ਰਿਪਾਲਤਾ ਨਾਲ ਉਸ ਦੀ ਮਾਰਫ਼ਤ ਪ੍ਰਾਪਤ ਨ ਹੋਵੇ ਅਤੇ ਉਸ ਤੋਂ ਸ਼ਕਤੀ ਨ ਮਿਲੇ । ਇਹ ਗੱਲ ਅਤਿਅੰਤ ਹੀ ਸਪਸ਼ਟ ਹੈ ਕਿ ਹਰ ਇਕ ਖ਼ੌਫ਼ ਅਤੇ ਪ੍ਰੇਮ ਮਾਰਫ਼ਤ ਰਾਹੀਂ ਹੀ ਪ੍ਰਾਪਤ ਹੁੰਦਾ ਹੈ । ਦੁਨੀਆਂ ਦੀਆਂ ਸਾਰੀਆਂ ਚੀਜ਼ਾਂ ਜਿੰਨ੍ਹਾ ਤੋਂ ਮਨੁੱਖ ਦਿਲ ਲਾਉਂਦਾ ਹੈ ਅਤੇ ਉਹਨਾਂ ਨਾਲ ਪ੍ਰੇਮ ਕਰਦਾ ਹੈ ਜਾਂ ਉਹਨਾਂ ਤੋਂ ਡਰਦਾ ਹੈ ਅਤੇ ਦੂਰ ਭਜਦਾ ਹੈ । ਇਹ ਸਾਰੀਆਂ ਅਵਸਥਾਵਾਂ ਮਨੁੱਖ ਦੇ ਮਨ ਵਿੱਚ ਮਾਰਫ਼ਤ ਦੇ ਬਾਦ ਹੀ ਪੈਦਾ ਹੁੰਦੀਆਂ ਹਨ । ਹਾਂ , ਇਹ ਸੱਚ ਹੈ ਕਿ ਮਾਰਫ਼ਤ ਪ੍ਰਾਪਤ ਨਹੀਂ ਹੋ ਸਕਦੀ, ਜੱਦ ਤੱਕ ਰੱਬ ਦੀ ਮਿਹਰ ਤੇ ਕਿਰਪਾਲਤਾ ਨ ਹੋਵੇ ਅਤੇ ਨ ਲਾਹੇਵੰਦ ਹੋ ਸਕਦੀ ਹੈ ਜੱਦ ਤੱਕ ਖ਼ੁਦਾ ਤਆਲਾ ਦਾ ਫ਼ਜ਼ਲ ਨ ਹੋਵੇ ਅਤੇ ਫ਼ਜ਼ਲ (ਮਿਹਰ) ਰਾਹੀਂ ਹੀ ਮਾਰਫ਼ਤ ਆਉਂਦੀ ਹੈ ...... ਇਹ ਖ਼ਿਆਲ ਨ ਕਰੋ ਕਿ ਅਸੀਂ ਵੀ ਪ੍ਰਤੀਦਿਨ ਦੁਆ ਕਰਦੇ ਹਾਂ ਅਤੇ ਸਾਰੀ ਨਮਾਜ਼ ਦੁਆ ਹੀ ਹੈ ਜੋ ਅਸੀਂ ਪੜ੍ਹਦੇ ਹਾਂ । ਕਿਉਂਕਿ ਉਹ ਦੁਆ ਜੋ ਮਾਰਫ਼ਤ ਦੇ ਬਾਦ ਅਤੇ ਮਿਹਰ ਰਾਹੀਂ ਪੈਦਾ ਹੁੰਦੀ ਹੈ, ਉਹ ਹੋਰ ਰੰਗ-ਰੂਪ ਰੱਖਦੀ ਹੈ । ਉਹ ਫ਼ਨਾ ਕਰਨ ਵਾਲੀ ਚੀਜ਼ ਹੈ । ਉਹ ਗੱਦ ਗੱਦ ਕਰ ਦੇਣ ਵਾਲੀ ਅੱਗ ਹੈ ਉਹ ਰਹਿਮਤ ਨੂੰ ਖਿੱਚ ਲਿਆਉਂਣ ਵਾਲੀ ਚੁਮਬਕੀ ਸ਼ਕਤੀ ਹੈ, ਉਹ ਮੌਤ ਹੈ ਪਰ ਅੰਤ ਨੂੰ ਜੀਵਤ ਕਰਦੀ ਹੈ । ਉਹ ਇਕ ਪ੍ਰਚੰਡ ਭੰਵਰ ਹੈ ਪਰ ਅੰਤ ਨੂੰ ਕਿਸ਼ਤੀ ਬਣ ਜਾਂਦੀ ਹੈ, ਉਹ ਇਕ ਤੇਜ਼ ਹੜ੍ਹ ਹੈ ਬੇੜੀ ਬਣ ਜਾਂਦੀ ਹੈ । ਹਰ ਇਕ ਵਿਗੜੀ ਹੋਈ ਗੱਲ ਬਣ ਜਾਂਦੀ ਹੈ ਅਤੇ ਹਰ ਇਕ ਵਿਸ਼ ਅੰਤ ਉਸ ਨਾਲ ਅੰਮ੍ਰਿਤ ਬਣ ਜਾਂਦਾ ਹੈ, ਇਹ ਮਾਰਫ਼ਤ ਦਾ ਮੁਕਾਮ ਹੈ ।

ਵਧੇਰੇ ਹਨ ਜੋ ਮੂੰਹ ਨਾਲ ਤਾਂ ਰੱਬ ਦਾ ਇਕਰਾਰ ਕਰਦੇ ਹਨ ਪਰ ਫਰੋਲਕੇ ਦੇਖੀਏ ਤਾਂ ਮਲੂਮ ਹੋਵੇਗਾ ਕਿ ਉਹਨਾਂ ਵਿੱਚ ਨਾਸਤਕਤਾ ਭਰੀ ਹੋਈ ਹੈ ਕਿਉਂਕਿ ਦੁਨੀਆਂ ਦੇ ਕਾਰਜਾਂ ਵਿੱਚ ਜੱਦ ਲੀਨ ਹੁੰਦੇ ਹਨ, ਉਸ ਸਮੇਂ ਰੱਬ ਦੇ ਕਹਿਰ ਤੇ ਉਸ ਦੀ ਵੱਡਿਆਈ ਨੂੰ ਉਕੱਾ ਹੀ ਭੁੱਲ ਜਾਂਦੇ ਹਨ । ਇਸੇ ਲਈ ਇਹ ਗੱਲ ਬਹੁਤ ਜ਼ਰੂਰੀ ਹੈ ਕਿ ਤੁਸੀਂ ਲੋਕ ਦੁਆ ਰਾਹੀਂ ਅਲੱਾਹ ਤਆਲਾ ਕੋਲੋਂ ਮਾਰਫ਼ਤ ਦੀ ਮੰਗ ਕਰੋ । ਇਸ ਤੋਂ ਬਿਨਾਂ ਕਾਮਲ ਵਿਸ਼ਵਾਸ ਪ੍ਰਾਪਤ ਨਹੀਂ ਹੋ ਸਕਦਾ । ਉਹ ਉਸ ਸਮੇਂ ਪ੍ਰਾਪਤ ਹੋਵੇਗਾ ਜੱਦ ਇਹ ਪਤਾ ਹੋਵੇ ਕਿ ਰੱਬ ਤੋਂ ਅੱਡ ਹੋਣ ਵਿੱਚ ਮੌਤ ਹੈ । ਪਾਪ ਤੋਂ ਬਚਣ ਲਈ ਜਿੱਥੇ ਦੁਆ ਕਰੋ ਉੱਥੇ ਨਾਲ ਹੀ ਜਤਨਾਂ ਦੇ ਸਾਧਨਾਂ ਨੂੰ ਹੱਥੋਂ ਨ ਛੱਡੋ ਅਤੇ ਸਾਰੀਆਂ ਸੰਗਤਾਂ ਤੇ ਮਹਿਫ਼ਿਲਾਂ

ਜਿੰਨਾਂ ਵਿੱਚ ਸ਼ਾਮਲ ਹੋਣ ਕਰਕੇ ਪਾਪ ਦੀ ਪ੍ਰੇਰਣਾ ਮਿਲਦੀ ਹੈ ਉਹਨਾਂ ਨੂੰ ਤਿਆਗ ਦਿਓ ਅਤੇ ਨਾਲ ਹੀ ਦੁਆ ਵੀ ਕਰਦੇ ਰਹੋ । ਫ਼ਿਰ ਇਸ ਗੱਲ ਨੂੰ ਵਧੇਰੇ ਵਿਸਥਾਰ ਨਾਲ ਦੱਸਦੇ ਹੋਏ ਕਿ ਪਾਪਾਂ ਤੋਂ ਬਚਣਾ ਇਲਾਹੀ ਮਾਰਫ਼ਤ ਤੋਂ ਬਿਨਾਂ ਸੰਭਵ ਨਹੀਂ ਹੈ ਆਪ ਜੀ ਫ਼ਰਮਾਉਂਦੇ ਹਨ ਕਿ :

ਨਿਰਸੰਦੇਹ ਚੇਤੇ ਰੱਖੋ ਕਿ ਪਾਪਾਂ ਤੋਂ ਬਚਣ ਦੀ ਸ਼ਕਤੀ ਉਸ ਸਮੇਂ ਪ੍ਰਾਪਤ ਹੋ ਸਕਦੀ ਹੈ ਜੱਦ ਮਨੁੱਖ ਪੂਰਨ ਰੂਪ ਵਿੱਚ ਰੱਬ ਉਪੱਰ ਈਮਾਨ ਲਿਆਵੇ । ਮਨੁੱਖੀ ਜੀਵਨ ਦਾ ਸਭ ਤੋਂ ਉਤੱਮ ਮੰਤਵ ਇਹੋ ਹੈ ਕਿ ਪਾਪਾਂ ਦੇ ਪੰਜੇ ਤੋਂ ਮੁਕਤੀ ਪਾ ਲਵੇ । ਦੇਖੋ ਇਕ ਸੱਪ ਜੋ ਵੇਖਣ ਨੂੰ ਰੰਗਾ ਮਲੂਮ ਹੁੰਦਾ ਹੈ ਬੱਚਾ ਤਾਂ ਉਸਨੂੰ ਆਪਣੇ ਹੱਥਾਂ ਨਾਲ ਫੜਨ ਦੀ ਇੱਛਾ ਕਰ ਸਕਦਾ ਹੈ ਅਤੇ ਹੱਥ ਵੀ ਪਾ ਸਕਦਾ ਹੈ ਪਰ ਇਕ ਸੂਝਵਾਨ ਜੋ ਜਾਣਦਾ ਹੈ ਕਿ ਸੱਪ ਡੱਸ ਲਏ ਗਾ ਅਤੇ ਮਾਰ ਮੁਕਾਵੇ ਗਾ, ਉਹ ਕਦੇ ਵੀ ਜੁਰੱਤ ਨਹੀਂ ਕਰੇਗਾ ਕਿ ਉਸਨੂੰ ਫੜਨ ਲਈ ਅਗਾਂਹ ਵਧੇ, ਸਗੋਂ ਜੇਕਰ ਪਤਾ ਲੱਗ ਜਾਵੇ ਕਿ ਇਸ ਘਰ  ਵਿੱਚ ਸੱਪ ਹੈ ਤਾਂ ਉਸ ਵਿੱਚ ਵੀ ਦਾਖ਼ਲ ਨਹੀਂ ਹੋਵੇਗਾ । ਅਜਿਹਾ ਹੀ ਵਿਸ਼ ਨੂੰ ਜੋ ਮਾਰ ਮੁਕਾਉਣ ਵਾਲੀ ਚੀਜ਼ ਸਮਝਦਾ ਹੈ ਉਸਨੂੰ ਖਾਣ ਲਈ ਉਹ ਦਲੇਰ ਨਹੀਂ ਹੋਵੇਗਾ । ਸੋ, ਇਸੇ ਪ੍ਰਕਾਰ ਜੱਦ ਤੱਕ ਪਾਪ ਨੂੰ ਖ਼ਤਰਨਾਕ ਵਿਸ਼ ਯਕੀਨ ਨ ਕਰ ਲਵੇ ਉਸ ਤੋਂ ਬੱਚ ਨਹੀਂ ਸਕਦਾ । ਇਹ ਯਕੀਨ ਮਾਰਫ਼ਤ ਤੋਂ ਬਿਨਾ ਪੈਦਾ ਨਹੀਂ ਹੋ ਸਕਦਾ ।

ਫਿਰ ਆਪ ਇਕ ਥਾਂ ਫ਼ਰਮਾਉਂਦੇ ਹਨ ਕਿ

ਧਰਮ ਦੀ ਜੜ੍ਹ, ਰੱਬ ਦੀ ਸ਼ਨਾਖਤ ਤੇ ਮਾਰਫ਼ਤ, ਇਲਾਹੀ ਨੇਮਤਾਂ ਹਨ ਅਤੇ ਉਸ ਦੀਆਂ ਟਾਹਣੀਆਂ ਨੇਕ ਕਰਮ, ਉਸਦੇ ਫ਼ੁੱਲ ਉਚੱ ਆਚਰਣ, ਉਸਦੇ ਫ਼ੱਲ ਰੂਹਾਨੀ ਬਰਕਤਾਂ ਅਤੇ ਅਤਿ ਸੂਖ਼ਮ ਪ੍ਰੇਮ ਹੈ ਜੋ ਰੱਬ ਅਤੇ ਉਸ ਦੇ ਬੰਦੇ ਵਿੱਚ ਪੈਦਾ ਹੋ ਜਾਂਦਾ ਹੈ। ਇਸ ਫ਼ੱਲ ਤੋਂ ਲਾਭ ਪਾਉਂਣ ਵਾਲਾ ਰੂਹਾਨੀ ਗੁਣਵੰਤਾ ਤੇ ਪਵਿਤੱਰਤਾ ਦਾ ਪ੍ਰਤੀਕ ਹੈ

ਪ੍ਰੇਮ ਦਾ ਕਾਮਲ ਹੋਣਾ ਮਾਰਫ਼ਤ ਦੇ ਕਾਮਲ ਹੋਣ ਨਾਲ ਹੈ ਅਤੇ ਮਾਰਫ਼ਤ ਅਨੁਸਾਰ ਹੀ ਇਲਾਹੀ ਇਸ਼ਕ ਜੋਸ਼ ਮਾਰਦਾ ਹੈ ਅਤੇ ਜੱਦ ਡੂੰਘਾ ਪਿਆਰ ਪੈ ਜਾਂਦਾ ਤਾਂ ਉਹੋ ਦਿਨ ਰੂਹਾਨੀ ਪੈਦਾਇਸ਼ ਦਾ ਪਹਿਲਾ ਦਿਨ ਹੁੰਦਾ ਹੈ ਅਤੇ ਓਹੋ ਘੜੀ ਇਕ ਨਵੇਂ ਆਲਮ ਦੀ ਪਹਿਲੀ ਘੜੀ ਹੁੰਦੀ ਹੈ ।

ਫਿਰ ਆਪ ਜੀ ਫ਼ਰਮਾਉਂਦੇ ਹਨ :

ਖ਼ੁਦਾ ਇਕ ਅਨਮੋਲ ਮੋਤੀ ਹੈ ਉਸਦੀ ਮਾਰਫ਼ਤ ਦੇ ਬਾਦ ਮਨੁੱਖ ਦੁਨੀਆਵੀ ਚੀਜਾਂ ਨੂੰ ਅਜਿਹੀ ਘ੍ਰਿਣਾ ਤੇ ਨਫ਼ਰਤ ਨਾਲ ਦੇਖਦਾ ਹੈ ਕਿ ਉਸਨੂੰ ਦੇਖਣ ਲਈ ਵੀ ਆਪਣੇ ਸੁਭਾਵ ਉਪੱਰ ਇਕ ਪ੍ਰਕਾਰ ਦਾ ਜਬਰ ਤੇ ਸਖ਼ਤੀ ਕਰਨੀ ਪੈਂਦੀ ਹੈ । ਸੋ, ਖ਼ੁਦਾ ਤਆਲਾ ਦੀ ਮਾਰਫ਼ਤ ਦੀ ਇਛੱਾ ਕਰੋ ਅਤੇ ਉਸ ਵੱਲ ਵਧਣ ਲਈ ਕਦਮ ਚੁੱਕੋ ਕਿ ਸਫ਼ਲਤਾ ਇਸੇ ਵਿੱਚ ਹੈ ।

ਫ਼ਰਮਾਉਂਦੇ ਹਨ, ਮੈਂ ਸੱਚ ਸੱਚ ਕਹਿੰਦਾ ਹਾਂ ਕਿ ਮਨੁੱਖ ਦਾ ਤਕਵਾ (ਸੰਜਮਤਾ) ਇਬਾਦਤ (ਬੰਦਗੀ) ਪਵਿਤੱਰਤਾ ਸਭ ਕੁਝ ਆਕਾਸ਼ ਤੋਂ ਆਉਂਦਾ ਹੈ ਅਤੇ ਇਹ ਰੱਬ ਦੀ ਅਪਾਰ ਕ੍ਰਿਪਾ ਉਪੱਰ ਆਧਾਰਤ ਹੈ, ਉਹ ਚਾਹੇ ਤਾਂ ਉਸ ਨੂੰ ਕਾਇਮ ਰੱਖੇ ਅਤੇ ਚਾਹੇ ਤਾਂ ਦੂਰ ਕਰ ਦੇਵੇ । ਸੋ, ਸੱਚੀ ਮਾਰਫ਼ਤ ਉਸੇ ਦਾ ਨਾਂ ਹੈ ਕਿ ਮਨੁੱਖ ਆਪਣੇ ਨਫ਼ਸ ਨੂੰ ਜਕੜਿਆ ਤੇ ਕੇਵਲ ਨਾਚੀਜ਼ ਸਮਝੇ ਅਤੇ ਉਸ ਰੱਬ ਦੇ ਦਰ ਉਪੱਰ ਢਹਿਢੇਰ ਹੋਕੇ ਨਿਮਰਤਾ ਤੇ ਮਿਸਕੀਨੀ ਨਾਲ

ਰੱਬ ਦੀ ਕ੍ਰਿਪਾ ਤੇ ਮਿਹਰ ਦਾ ਜਾਚਕ ਬਣੇ ਅਤੇ ਉਸ ਮਾਰਫ਼ਤ ਦੇ ਨੂਰ ਨੂੰ ਮੰਗੇ ਨਫ਼ਸਾਨੀ ਜਜ਼ਬਿਆਂ ਨੂੰ ਸਾੜ ਦਿੰਦਾ ਹੈ ਅਤੇ ਨੇਕੀਆਂ (ਭਲਾਈਆਂ) ਲਈ ਅੰਦਰ ਇਕ ਰੌਸ਼ਨੀ, ਸ਼ਕਤੀ ਤੇ ਵਲਵਲਾ ਪੈਦਾ ਕਰ ਦਿੱਦਾ ਹੈ । ਫਿਰ ਜੇ ਕਰ ਉਸ ਦੀ ਅਪਾਰ ਕ੍ਰਿਪਾ ਤੇ ਮਿਹਰ ਨਾਲ ਉਸਨੂੰ ਕੁਝ ਹਿੱਸਾ ਮਿਲ ਜਾਵੇ ਅਤੇ ਕਿਸੇ ਸਮੇਂ ਕਿਸੇ ਪ੍ਰਕਾਰ ਦਾ ਸੰਤੋਖ ਤੇ ਭਾਵਅਰਥ ਪ੍ਰਾਤਪ ਹੋ ਜਾਵੇ ਤਾਂ ਉਸ'ਤੇ ਹੰਕਾਰ ਤੇ ਮਾਣ ਨ ਕਰੇ ਸਗੋਂ ਉਸ ਦੀ ਨਿਮਰਤਾ ਤੇ ਨਿਮਾਣੇ ਪੁਣੇ ਵਿੱਚ ਹੋਰ ਵੀ ਵਾਧਾ ਹੋਵੇ ਕਿਉਂਕਿ ਜਿੰਨ੍ਹਾ ਉਹ ਆਪਣੇ ਆਪ ਨੂੰ ਨਿਮਾਣਾ ਤੇ ਨਾਚੀਜ ਸਮਝੇਗਾ ਉਸੇ ਮਰਤਬੇ ਅਨੁਸਾਰ ਉਸ ਉੱਪਰ ਖ਼ੁਦਾ ਤਆਲਾ ਦੇ ਨੂਰ ਉਸ ਉਪੱਰ ਉਤਰਨਗੇ, ਜੋ ਉਸ ਨੂੰ ਰੌਸ਼ਨੀ ਤੇ ਸ਼ਕਤੀ ਪਹੁੰਚਾਉਂਣ ਗੇ । ਜੇਕਰ ਮਨੁੱਖ ਇਕ ਵਿਸ਼ਵਾਸ ਰੱਖੇਗਾ ਤਾਂ ਆਸ ਹੈ ਕਿ ਰੱਬ ਦੀ ਅਪਾਰ ਕ੍ਰਿਪਾ ਨਾਲ ਉਸ ਦੀ ਆਚਰਣਕ ਅਵਸਥਾ ਉੱਤਮ ਹੋ ਜਾਵੇਗੀ । ਦੁਨੀਆ ਵਿੱਚ ਆਪਣੇ ਆਪ ਨੂੰ ਕੁਝ ਸਮਝਣਾ ਵੀ ਹੰਕਾਰ ਹੈ ।

ਹਜ਼ੂਰ ਅਨਵਰ ਅਯਦਾਹੁੱਲਾਹ ਤਆਲਾ ਨੇ ਫ਼ਰਮਾਇਆ :

ਸੋ, ਇਹ ਉਹ ਮੰਤਵ ਹੈ ਜਿਸ ਲਈ ਆਪ ਪ੍ਰਕਟ ਹੋਏ ਸਨ ਕਿ ਰੱਬ ਦੀ ਅਜਿਹੀ ਮਾਰਫ਼ਤ ਸਾਡੇ ਵਿੱਚ ਪੈਦਾ ਫ਼ਰਮਾਉਣ । ਸੰਭਵਤਾ ਅਸੀਂ ਰੱਬ ਨੂੰ ਦੇਖਦੇ ਹਾਂ ਅਤੇ ਆਪਣੇ ਹਰ ਇਕ ਕਰਮ ਨੂੰ ਰੱਬ ਦੀ ਰਜ਼ਾ ਤੇ ਖ਼ੌਫ਼ ਨੂੰ ਸਾਹਮਣੇ ਰੱਖਦੇ ਹੋਏ ਪੂਰਾ ਕਰਨ । ਅਜਿਹੀ ਇਲਾਹੀ ਮਾਰਫ਼ਤ ਸਾਡੇ ਵਿੱਚ ਪੈਦਾ ਹੋ ਜਾਵੇ ਜੋ ਸਾਡੇ ਸਾਰੇ ਪਾਪਾਂ ਨੂੰ ਸਾੜ ਦੇਵੇ ਅਤੇ ਅਸੀਂ ਆਪ ਜੀ ਦੇ ਉਦੇਸ਼ਿਆਂ ਨੂੰ ਅਤੇ ਆਪ ਜੀ ਦੇ ਪ੍ਰਕਟ ਹੋਣ ਦੇ ਮੰਤਵਾਂ ਨੂੰ ਪੂਰਾ ਕਰਨ ਵਾਲੇ ਬਣੀਏ । ਅਲੱਾਹ ਤਆਲਾ ਸਾਨੂੰ ਇਹਨਾ ਸਾਰੀਆਂ ਗੱਲਾਂ ਉਪੱਰ ਅਮਲ ਕਰਨ ਦੀ ਅਤੇ ਇਸ ਦੀ ਆਤਮਾ ਨੂੰ ਸਮਝਣ ਦੀ ਸ਼ਕਤੀ ਪ੍ਰਦਾਨ ਕਰੇ ।

★★★★★★★★